# ਪੰਜਾਬ ਸਕੂਲ ਸਿੱਖਿਆ ਬੋਰਡ

## ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਸ਼ਡਿਊਲ (ਸੈਸ਼ਨ 2026-27)

ਸੈਸ਼ਨ 2026-27 ਤੋਂ ਅੱਠਵੀਂ , ਨੌਵੀਂ, ਦਸਵੀਂ, ਗਿਆਰਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਆਨਲਾਈਨ ਰਜਿਸਟਰੇਸ਼ਨ/ਕੰਟੀਨਿਊਸ਼ਨ ਕਰਨ ਤੋਂ ਪਹਿਲਾਂ ਸਕੂਲ ਲਾਗ-ਇੰਨ ਆਈ.ਡੀ. ਵਿੱਚ School profile ਦੇ ਅੰਦਰ School Staff Details ਲਿੰਕ ਅਧੀਨ ਮੰਗੀ ਗਈ ਜਾਣਕਾਰੀ ਭਰਨੀ ਲਾਜ਼ਮੀ ਹੋਵੇਗੀ। ਇਹ ਜਾਣਕਾਰੀ ਭਰਨ ਉਪਰੰਤ ਪ੍ਰਿੰਸੀਪਲ/ਸਕੂਲ ਮੁਖੀ ਵੱਲੋਂ Declaration ਫਾਰਮ ਨੂੰ eSign and Submit ਕੀਤਾ ਜਾਵੇਗਾ ਕਿ ਸਕੂਲ/ਸਟਾਫ ਨਾਲ ਸਬੰਧਤ ਮੰਗੀ ਗਈ ਸਾਰੀ ਜਾਣਕਾਰੀ ਸਹੀ ਅਤੇ ਸੰਪੂਰਨ ਭਰ ਦਿੱਤੀ ਗਈ ਹੈ। eSign and Submit ਤੇ ਕਲਿੱਕ ਕਰਨ ਤੇ Aadhar Card ਨਾਲ ਰਜਿਸਟਰਡ ਮੋਬਾਇਲ ਨੰਬਰ ਤੇ ਪ੍ਰਾਪਤ OTP ਨਾਲ ਵੈਰੀਫਿਕੇਸ਼ਨ ਹੋਵੇਗੀ। Declaration ਸਬਮਿਟ ਹੋਣ ਉਪਰੰਤ ਹੀ Unified Registration Portal ਅਧੀਨ Digital A.W. Register ਖੁੱਲੇਗਾ।

Unified Registration Portal ਅਧੀਨ Digital A.W. Register ਰਾਹੀਂ ਐਂਟਰ ਕੀਤੇ ਵਿਦਿਆਰਥੀਆਂ ਦੇ ਸਾਰੇ ਵੇਰਵਿਆਂ ਸਮੇਤ ਦਾਖਲਾ ਨੰਬਰ ਅਤੇ ਦਾਖਲਾ ਮਿਤੀ ਹੱਥਲਿਖਤ "ਦਾਖਲਾ ਖਾਰਜ ਰਜਿਸਟਰ" ਦੇ ਅਧਾਰ ਤੇ ਸ਼੍ਰੇਣੀ ਵਾਈਜ਼ ਆਨਲਾਈਨ ਪੋਰਟਲ ਵਿੱਚ ਦਰਸਾਏ ਫਾਰਮਾਂ ਵਿੱਚ ਦਰਜ਼ ਕਰਨਾ ਲਾਜ਼ਮੀ ਹੈ । Unified Registration Portal ਅਧੀਨ Digital A.W. Register ਬੋਰਡ ਵੱਲੋਂ ਨਿਰਧਾਰਿਤ ਦਾਖਲਾ ਸ਼ਡਿਊਲ ਦੀ ਅੰਤਿਮ ਮਿਤੀ ਤੱਕ ਹੀ ਖੁੱਲੇਗਾ। ਸੈਸ਼ਨ 2026-27 ਲਈ ਨਿਰਧਾਰਿਤ ਦਾਖਲੇ ਦੀ ਅੰਤਿਮ ਮਿਤੀ ਤੋਂ ਬਾਅਦ Digital A.W. Register ਵਿੱਚ ਐਂਟਰੀ ਨਹੀ ਕੀਤੀ ਜਾ ਸਕੇਗੀ । ਇਸ Unified Registration Portal ਅਧੀਨ ਦਰਸਾਏ ਗਏ ਫਾਰਮਾਂ ਵਿੱਚ ਜਿੰਨ੍ਹਾਂ ਵਿਦਿਆਰਥੀਆਂ ਦੀ ਐਂਟਰੀ ਕੀਤੀ ਜਾਵੇਗੀ ਕੇਵਲ ਉਹਨਾਂ ਵਿਦਿਆਰਥੀਆਂ ਦੀ ਹੀ ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਫੀਸ Calculate Fee ਲਿੰਕ ਦੇ ਅਧੀਨ ਜਮ੍ਹਾਂ ਕਰਵਾਉਣ ਲਈ ਆਨ-ਲਾਈਨ ਪੋਰਟਲ ਖੁੱਲ ਸਕੇਗਾ। ਇਸ ਕਰਕੇ Unified Registration Portal ਵਿੱਚ ਦਾਖਲੇ ਦੀ ਅੰਤਿਮ ਮਿਤੀ ਤੱਕ ਦਾਖਲ ਹੋਏ ਵਿਦਿਆਰਥੀਆਂ ਦੀ ਮੁਕੰਮਲ ਐਂਟਰੀ ਕਰਕੇ ਸਕੂਲ ਮੁਖੀ ਵੱਲੋਂ eSign and Submit ਕਰਨਾ ਯਕੀਨੀ ਬਣਾਇਆ ਜਾਵੇ । ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦੀ ਫੀਸ ਜਮ੍ਹਾਂ ਕਰਵਾਉਣ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ :-

### ਅੱਠਵੀਂ ਸ਼੍ਰੇਣੀ ਲਈ ਫਾਰਮ ਵਾਈਜ਼ ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਅਤੇ ਪ੍ਰੀਖਿਆ ਫੀਸ

| ਸ਼੍ਰੇਣੀ | ਫਾਰਮ | ਰਜਿਸਟ੍ਰੇਸ਼ਨ ਫੀਸ | ਪ੍ਰੀਖਿਆ ਫੀਸ |
|---|---|---|---|
| ਅੱਠਵੀਂ | A-1 | 300/- | 1200/- |
| | A-2 (Other State/Board) | 1200/- | 1200/- |

### ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਲਈ ਫਾਰਮ ਵਾਈਜ਼ ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਫੀਸ

| ਸ਼੍ਰੇਣੀ | ਫਾਰਮ | ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਫੀਸ |
|---|---|---|
| ਨੌਵੀਂ ਤੋਂ ਬਾਰ੍ਹਵੀਂ | N3,M1,E1,T1 | **300/-** |
| | N2,M2,E2,T2 (Other State/Board) | **1200/-** |

**ਅੱਠਵੀਂ ਤੋਂ ਦਸਵੀਂ ਅਤੇ ਬਾਰ੍ਹਵੀਂ ਸ੍ਰੇਣੀਆਂ ਲਈ ਆਨ-ਲਾਈਨ ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਦਾ ਸ਼ਡਿਊਲ**

| ਫੀਸ/ ਜੁਰਮਾਨਾ ਫੀਸ | ਐਪਲੀਕੇਸ਼ਨ ਚਾਲੂ ਕਰਨ ਦੀ ਮਿਤੀ | ਆਫ-ਲਾਈਨ ਫੀਸ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | ਆਫ-ਲਾਈਨ ਫੀਸ ਚਲਾਨ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | ਆਨ-ਲਾਈਨ ਐਂਟਰੀ ਅਤੇ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ |
|---|---|---|---|---|
| ਰਜਿ: ਫੀਸ ਨਾਲ | 01-04-2026 | 10-07-2026 | 15-07-2026 | 15-07-2026 |
| ਰਜਿ:ਫੀਸ +2500/-ਰੁ: ਪ੍ਰਤੀ ਵਿਦਿ: ਲੇਟ ਫੀਸ ਨਾਲ | 16-07-2026 | 25-07-2026 | 30-07-2026 | 30-07-2026 |
| ਰਜਿ:ਫੀਸ +5000/-ਰੁ: ਪ੍ਰਤੀ ਵਿਦਿ: ਲੇਟ ਫੀਸ ਨਾਲ | 31-07-2026 | 26-08-2026 | 31-08-2026 | 31-08-2026 |

**ਗਿਆਰਵੀਂ ਸ੍ਰੇਣੀ ਲਈ ਆਨ-ਲਾਈਨ ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਦਾ ਸ਼ਡਿਊਲ**

| ਫੀਸ/ ਜੁਰਮਾਨਾ ਫੀਸ | ਐਪਲੀਕੇਸ਼ਨ ਚਾਲੂ ਕਰਨ ਦੀ ਮਿਤੀ | ਆਫ-ਲਾਈਨ ਫੀਸ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | ਆਫ-ਲਾਈਨ ਫੀਸ ਚਲਾਨ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | ਆਨ-ਲਾਈਨ ਐਂਟਰੀ ਅਤੇ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ |
|---|---|---|---|---|
| ਬਣਦੀ ਫੀਸ ਨਾਲ | 15-05-2026 | 10-07-2026 | 15-07-2026 | 15-07-2026 |
| 2500/-ਰੁ: ਪ੍ਰਤੀ ਵਿਦਿ: ਲੇਟ ਫੀਸ ਨਾਲ | 16-07-2026 | 25-07-2026 | 30-07-2026 | 30-07-2026 |
| 5000/-ਰੁ: ਪ੍ਰਤੀ ਵਿਦਿ: ਲੇਟ ਫੀਸ ਨਾਲ | 31-07-2026 | 26-08-2026 | 31-08-2026 | 31-08-2026 |

**ਨੋਟ :-**

(1) Unified Registration Portal ਵਿੱਚ ਐਂਟਰੀ ਕਰਨ ਦੀ ਵਿਧੀ (steps) ਅਤੇ ਹਦਾਇਤਾਂ ਅਲੱਗ ਤੌਰ ਤੇ ਜਾਰੀ ਕੀਤੀਆਂ ਗਈਆਂ ਹਨ। ਸਕੂਲ ਮੁਖੀ ਐਂਟਰੀ ਕਰਨ ਦੀ ਵਿਧੀ (steps) ਅਤੇ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਅੱਠਵੀਂ ਤੋਂ ਬਾਰ੍ਹਵੀਂ ਸ੍ਰੇਣੀਆਂ ਦੇ ਵਿਦਿਆਰਥੀਆਂ ਦੀ ਆਨ-ਲਾਈਨ ਐਂਟਰੀ ਕਰਦੇ ਹੋਏ ਪੂਰੇ Process ਨੂੰ ਮੁਕੰਮਲ ਕਰਨਾ ਯਕੀਨੀ ਬਣਾਉਣ।

(2) ਸਕੂਲਾਂ ਵੱਲੋਂ ਵਿਦਿਆਰਥੀਆਂ ਦੀ Unified Registration Portal ਅਧੀਨ Digital A.W. Register ਵਿੱਚ ਐਂਟਰੀ ਕਰਨ ਉਪਰੰਤ Calculate Fee ਲਿੰਕ ਦੇ ਅਧੀਨ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਫੀਸਾਂ Online payment gateway ਜਾਂ ਆਫ-ਲਾਈਨ ਚਲਾਨ ਜਨਰੇਟ ਵਿਧੀ ਰਾਹੀਂ ਬੈਂਕਾਂ ਵਿੱਚ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ ।ਇਹਨਾਂ ਦੋਨਾਂ ਵਿਧੀਆਂ ਵਿੱਚੋਂ ਆਪਣੀ ਸੁਵਿਧਾ ਅਨੁਸਾਰ ਕਿਸੇ ਇੱਕ ਵਿਧੀ ਰਾਹੀਂ ਫੀਸਾਂ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਸਕੂਲ ਤੋਂ ਸਕੂਲ ਟਰਾਂਸਫਰ (Migration) ਫੀਸ ਸਕੂਲਾਂ ਵੱਲੋਂ ਕੇਵਲ Online payment gateway ਵਿਧੀ ਰਾਹੀਂ ਹੀ ਜਮ੍ਹਾਂ ਕਰਵਾਈ ਜਾ ਸਕਦੀ ਹੈ।

(3) **ਅੱਠਵੀਂ ਸ੍ਰੇਣੀ ਲਈ** ਸਰਕਾਰੀ / ਏਡਿਡ ਸਕੂਲਾਂ ਦਾ **0/-** ਫੀਸ ਦਾ ਚਲਾਨ ਜਨਰੇਟ ਕਰਕੇ ਫਾਈਨਲ ਪ੍ਰਿੰਟ ਲੈਣਾ ਯਕੀਨੀ ਬਣਾਇਆ ਜਾਵੇ। ਜੇਕਰ ਸਰਕਾਰੀ/ਏਡਿਡ ਸਕੂਲਾਂ ਵੱਲੋਂ **ਬੋਰਡ ਵੱਲੋਂ ਪ੍ਰਵਾਨਿਤ** ਰਜਿਸਟ੍ਰੇਸ਼ਨ ਸ਼ਡਿਊਲ ਅਨੁਸਾਰ ਬਿਨ੍ਹਾਂ ਲੇਟ ਫੀਸ ਭਾਵ **0/-** ਫੀਸ ਨਾਲ ਅੰਤਿਮ ਮਿਤੀ ਤੱਕ ਚਲਾਨ ਜਨਰੇਟ ਨਹੀ ਕੀਤਾ ਜਾਂਦਾ ਤਾਂ ਜਾਰੀ ਸ਼ਡਿਊਲ ਅਨੁਸਾਰ ਲੇਟ ਫੀਸ ਭਰਨੀ ਪਵੇਗੀ । ਚਲਾਨ ਨਾ ਜਨਰੇਟ ਕਰਨ ਦੀ ਸੂਰਤ ਵਿੱਚ ਸਮੁੱਚੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੀ ਹੋਵੇਗੀ। ਜਿੰਨ੍ਹਾਂ ਵਿਦਿਆਰਥੀਆਂ ਨੇ ਸਰਟੀਫਿਕੇਟ ਦੀ ਹਾਰਡ ਕਾਪੀ ਲੈਣੀ ਹੈ ਜੋ ਕਿ **optional** ਹੈ ਤਾਂ ਉਹਨਾਂ ਵਿਦਿਆਰਥੀਆਂ ਲਈ ਪ੍ਰਤੀ ਵਿਦਿਆਰਥੀ 250/- **ਰੁਪਏ** ਫੀਸ ਸਮੂਹ ਸਕੂਲਾਂ ਨੂੰ ਅਦਾ ਕਰਨੀ ਪਵੇਗੀ ।

(4) ,ਜੋ ਚਲਾਨ ਜਨਰੇਟ ਕੀਤਾ ਜਾ ਚੁੱਕਾ ਹੋਵੇ, ਉਸ ਚਲਾਨ ਉੱਪਰ ਦਰਜ Challan Valid Date ਤੱਕ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਜੇਕਰ ਫੀਸ ਜਮ੍ਹਾਂ ਕਰਵਾਉਣ ਦੀਆਂ ਆਖਰੀ ਮਿਤੀਆਂ ਵਿੱਚ ਵਾਧਾ ਹੋ ਜਾਂਦਾ ਹੈ ਤਾਂ ਵੀ ਜਨਰੇਟ ਕੀਤੇ ਜਾ ਚੁੱਕੇ ਚਲਾਨਾਂ ਦੀ ਆਖਰੀ ਮਿਤੀ ਚਲਾਨ ਉੱਪਰ ਦਰਜ Challan Valid Date ਤੱਕ ਹੀ ਸੀਮਤ ਰਹੇਗੀ। ਉਹਨਾਂ ਸਕੂਲਾਂ ਨੂੰ ਜਨਰੇਟ ਕੀਤੇ ਜਾ ਚੁੱਕੇ ਚਲਾਨ ਦੀ Challan Valid Date ਵਿੱਚ ਕਿਸੇ ਕਿਸਮ ਦੀ ਕੋਈ ਛੋਟ ਨਹੀ ਦਿੱਤੀ ਜਾਵੇਗੀ। ਉਸ ਚਲਾਨ ਦੀ Challan Valid Date ਖਤਮ (End) ਹੋਣ ਤੋਂ ਬਾਅਦ ਨਵਾਂ ਚਲਾਨ ਰੀ-ਜਨਰੇਟ ਕਰਕੇ ਨਿਰਧਾਰਿਤ ਸ਼ਡਿਊਲ ਅਤੇ ਜੁਰਮਾਨੇ ਅਨੁਸਾਰ ਹੀ ਫੀਸ ਜਮ੍ਹਾਂ ਕਰਵਾਈ ਜਾ ਸਕਦੀ ਹੈ।

(5) ਰਜਿਸਟ੍ਰੇਸ਼ਨ ਪੋਰਟਲ ਅਧੀਨ ਵਿਦਿਆਰਥੀਆਂ ਦੀ MULTIPLE LOTS ਵਿੱਚ ਸ਼੍ਰੇਣੀ ਵਾਈਜ਼ ਫੀਸ ਕੈਲਕੁਲੇਟ ਕੀਤੀ ਜਾ ਸਕਦੀ ਹੈ। ਭਾਵ ਇੱਕ ਵਾਰ Calculate Fee ਕਰਨ ਉਪਰੰਤ ਉਸ ਤੋਂ ਬਾਅਦ ਵੀ ਬਾਕੀ ਰਹਿੰਦੇ ਵਿਦਿਆਰਥੀਆਂ ਦੀ ਦੁਬਾਰਾ Calculate Fee ਵੱਖ-ਵੱਖ MULTIPLE LOTS ਰਾਹੀਂ ਸ਼ਡਿਊਲ ਵਿੱਚ ਨਿਰਧਾਰਿਤ ਆਖਰੀ ਮਿਤੀ ਤੱਕ ਕੀਤੀ ਜਾ ਸਕਦੀ ਹੈ ।

(6) Calculate Fee ਕਰਨ ਉਪਰੰਤ ਜਨਰੇਟ ਕੀਤੇ ਚਲਾਨ ਅਤੇ ਫਾਈਨਲ ਪ੍ਰਿੰਟ ਦੀ ਕਾਪੀ ਸਕੂਲ ਰਿਕਾਰਡ ਵਿੱਚ ਲਾਜ਼ਮੀ ਰੱਖੀ ਜਾਵੇ। ਚਲਾਨ ਨਾ ਜਨਰੇਟ ਕਰਨ ਦੀ ਸੂਰਤ ਵਿੱਚ ਸਮੁੱਚੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੀ ਹੋਵੇਗੀ।

(7) ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਦੇ ਦਸਤਾਵੇਜ਼ ਸਮੇਤ ਫਾਈਨਲ ਪ੍ਰਿੰਟ ਦੀ ਕਾਪੀ ਜਿਲ੍ਹਾ ਖੇਤਰੀ ਦਫਤਰਾਂ ਵਿਖੇ ਮਿਤੀ 31-08-2026 ਤੱਕ ਜਮ੍ਹਾਂ ਕਰਵਾਏ ਜਾਣੇ ਲਾਜ਼ਮੀ ਹਨ। ਇਸ ਉਪਰੰਤ ਇਹ ਦਸਤਾਵੇਜ਼ ਕੇਵਲ ਮੁੱਖ ਦਫਤਰ ਵਿਖੇ ਹੀ ਪਹੁੰਚਦੇ ਕੀਤੇ ਜਾਣ।

(8) ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਲਈ ਆਨਲਾਈਨ ਦਾਖਲਾ ਪੋਰਟਲ ਵਿੱਚ ਐਂਟਰੀ ਕਰਨ ਉਪਰੰਤ ਵਿਦਿਆਰਥੀਆਂ ਦਾ ਡਾਟਾ ਡੀਲੀਟ ਨਹੀਂ ਕੀਤਾ ਜਾ ਸਕੇਗਾ ਅਤੇ ਕੇਵਲ School to School Transfer ਪੋਰਟਲ ਰਾਹੀਂ ਅਪਲਾਈ ਕਰਕੇ ਹੀ ਸਕੂਲ ਬਦਲਿਆ ਜਾ ਸਕੇਗਾ । School to School Transfer ਦਾਖਲੇ ਦੀ ਅੰਤਿਮ ਮਿਤੀ ਤੱਕ ਬਿਨਾਂ ਫੀਸ ਤੋਂ ਅਤੇ ਉਸਤੋਂ ਬਾਅਦ ਨਿਰਧਾਰਿਤ ਸ਼ਡਿਊਲ ਅਨੁਸਾਰ ਬਣਦੀ ਫੀਸ ਭਰਨ ਉਪਰੰਤ ਹੀ ਕੀਤਾ ਜਾ ਸਕੇਗਾ।

(9) Unified Registration Portal ਅਧੀਨ Digital A.W. Register ਅਤੇ ਰਜਿਸਟ੍ਰੇਸ਼ਨ ਲਿੰਕ ਵਿੱਚ ਜੇਕਰ ਕਿਸੇ ਵਿਦਿਆਰਥੀ ਦੀ ਐਂਟਰੀ ਕਿਸੇ ਵੀ ਕਾਰਨ ਜਾਂ ਗਲਤੀ ਨਾਲ ਕਰਨ ਤੋਂ ਰਹਿ ਜਾਂਦੀ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ/ਕਰਮਚਾਰੀ ਦੀ ਹੀ ਹੋਵੇਗੀ। ਨਿਰਧਾਰਿਤ ਸ਼ਡਿਊਲ ਤੋਂ ਬਾਅਦ ਆਨ-ਲਾਈਨ ਐਂਟਰੀ/ਰਜਿਸਟ੍ਰੇਸ਼ਨ ਕਰਨ ਦਾ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ। ਆਨ-ਲਾਈਨ ਦਾਖਲਾ ਪੋਰਟਲ ਵਿੱਚ ਐਂਟਰੀ ਅਤੇ ਰਜਿਸਟ੍ਰੇਸ਼ਨ ਨਾ ਕਰਨ ਵਾਲੇ ਬੋਰਡ ਨਾਲ ਸਬੰਧਤ ਐਫੀਲਿਏਟਿਡ/ਐਸੋਸੀਏਟਿਡ ਸਕੂਲਾਂ ਵਿਰੁੱਧ ਐਫੀਲਿਏਸ਼ਨ ਵਿਨਿਯਮਾਂ ਅਧੀਨ ਵਿਧੀ ਅਨੁਸਾਰ ਕਾਰਵਾਈ ਕੀਤੀ ਜਾਵੇਗੀ । ਇਸੇ ਤਰ੍ਹਾਂ ਸਰਕਾਰੀ/ਏਡਿਡ ਸਕੂਲਾਂ ਦੇ ਕੇਸ ਵਿੱਚ ਸਬੰਧਤ ਸਕੂਲਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ ਵਿਰੁੱਧ ਵਿਨਿਯਮਾਂ ਅਨੁਸਾਰ ਕਾਰਵਾਈ ਕਰਨ ਲਈ ਡਾਇਰੈਕਟਰ (ਐਲੀਮੈਂਟਰੀ/ਸੈਕੰਡਰੀ), ਸਿੱਖਿਆ ਵਿਭਾਗ, ਪੰਜਾਬ ਸਰਕਾਰ ਨੂੰ ਲਿਖਿਆ ਜਾਵੇਗਾ।

**ਡਾਇਰੈਕਟਰ (ਕੰਪਿਊਟਰ)**